## ਪੰਜਾਬ ਵਿਧਾਨ ਸਭਾ ਸਕੱਤਰੇਤ

**ਸ਼ੁੱਕਰਵਾਰ, ਮਿਤੀ 05 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।**

### ਭਾਸ਼ਾ ਵਿਭਾਗ ਵੱਲੋਂ ਸਰਵੋਤਮ ਪੁਸਤਕ ਪੁਰਸਕਾਰ ਦੇਣਾ

540. **ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਰਵੋਤਮ ਪੁਰਸਕਾਰਾਂ ਦੇ ਲਈ ਸਾਲ 2015 ਲਈ 18 ਅਤੇ ਸਾਲ 2016 ਦੇ 8 ਲੇਖਕਾਂ ਨੂੰ ਪੁਰਸਕਾਰ ਦੇਣ ਦਾ ਫੈਸਲਾ ਲਿਆ ਸੀ ਜੋ ਕਈ ਸਾਲ ਵਿੱਤੀ ਸੰਕਟ ਕਰਕੇ ਨਹੀ ਦਿੱਤਾ ਗਿਆ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਪੰਜਾਬ ਸਰਕਾਰ ਪੁਰਸਕਾਰਾਂ ਲਈ ਨਿਗੁਣੀ ਜਿਹੀ ਰਾਸ਼ੀ ਸਵਾ ਪੰਜ ਲੱਖ ਰੁਪਏ ਵੀ ਜਾਰੀ ਨਹੀ ਕਰ ਸਕਦੀ ਤਾਂ ਪੰਜਾਬੀ ਭਾਸ਼ਾ ਨੂੰ ਪਰਫੁੱਲਤ ਕਿਸ ਤਰਾਂ ਕੀਤਾ ਜਾਵੇਗਾ;

ੲ) ਕੀ ਇਹ ਵੀ ਠੀਕ ਹੈ ਕਿ ਸਾਲ 2017, 2018 ਅਤੇ 2019 ਦੇ ਲਈ ਅੱਜ ਤੱਕ ਚੋਣ ਨਹੀ ਕੀਤੀ ਗਈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ ਅਤੇ ਚੋਣ ਕਰਕੇ ਇਹ ਪੁਰਸਕਾਰ ਕਦੋਂ ਦਿੱਤੇ ਜਾ ਸਕਣਗੇ?

### ਪੇਂਡੂ ਖੇਤਰ ਦੇ ਵਿਦਿਆਰਥੀਆਂ ਦਾ ਕੈਨੇਡਾ ਵੱਲ ਝੁਕਾਅ

541. **ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਦੋ ਪ੍ਰੋਫੈਸਰਾਂ ਵੱਲੋਂ ਮਾਲਵਾ ਖੇਤਰ ਦੇ ਆਈਲੈਟਸ ਕੇਂਦਰਾਂ ਤੋਂ ਸਿਖਲਾਈ ਲੈ ਰਹੇ 540 ਵਿਦਿਆਰਥੀਆਂ ਬਾਰੇ ਕੀਤੇ ਅਧਿਐਨ ਅਨੁਸਾਰ 78 ਪ੍ਰਤੀਸ਼ਤ ਵਿਦਿਆਰਥੀ ਕਨੇਡਾ ਜਾ ਰਹੇ ਹਨ ਜੋ ਸਾਰੇ ਪੇਂਡੂ ਖੇਤਰ ਅਤੇ ਕਿਸਾਨੀ ਨਾਲ ਸਬੰਧ ਰੱਖਦੇ ਹਨ;

ਅ) ਕੀ ਇਹ ਖੇਤੀ ਸੰਕਟ, ਜਿੰਦਗੀ ਜਿਉਣ ਲਈ ਰੋਜਗਾਰ ਦੀ ਕਮੀ, ਨਸ਼ਿਆਂ ਦੇ ਫੈਲਾਓ ਤੇ ਸੂਬੇ ਦੇ ਰਾਜ ਪ੍ਰਬੰਧ ਵਿਚ ਫੈਲੀ ਅਰਾਜਕਤਾ ਦਾ ਕਾਰਨ ਤਾਂ ਨਹੀ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਸ ਬਾਰੇ ਕੀ ਕਦਮ ਚੁੱਕ ਰਹੀ ਹੈ?

### ਸਰੋਂ ਦੇ ਤੇਲ ਦੀ ਪੂਰਤੀ ਲਈ ਸਰੋਂ ਦੀ ਫਸਲ ਹੇਠ ਰਕਬਾ ਵਧਾਉਣਾ

542. **ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰੋਂ ਦੀ ਫਸਲ ਹੇਠਲੇ ਰਕਬੇ ਵਿੱਚ ਭਾਰੀ ਗਿਰਾਵਟ ਆਈ ਹੈ ਅਤੇ ਇਕੱਲੇ ਫਰੀਦਕੋਟ ਜਿਲ੍ਹੇ ਵਿੱਚ 2100 ਕਿਲੇ ਕਾਸਤ ਦੀ ਲੋੜ ਸੀ ਪਰੰਤੂ 400 ਕਿਲੇ ਰਕਬੇ ਵਿੱਚ ਹੀ ਸਰੋਂ ਬੀਜੀ ਗਈ ਹੈ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਹ ਸਰੋਂ ਦੀ ਫਸਲ ਦਾ ਘੱਟੋ ਘੱਟ ਮੁੱਲ ਤਹਿ ਨਾ ਹੋਣ ਕਾਰਨ ਅਤੇ ਸਹੀ ਮੰਡੀਕਰਨ ਨਾ ਹੋਣ ਕਰਕੇ ਹੋਇਆ ਹੈ;

ੲ) ਪੰਜਾਬ ਸਰਕਾਰ ਸਰੋਂ ਦੇ ਤੇਲ ਦੀ ਪੂਰਤੀ ਲਈ ਸਰੋਂ ਹੇਠ ਰਕਬਾ ਵਧਾਉਣ ਲਈ ਕੀ ਉਪਰਾਲੇ ਕਰ ਰਹੀ ਹੈ?

### ਫਰੀਦਕੋਟ ਦੇ ਭਾਈ ਘਨਈਆ ਚੌਂਕ ਕੋਲ 30 ਫੁੱਟ ਲੰਬੇ ਨਾਲੇ ਦੀ ਮੁਰੰਮਤ ਕਰਵਾਉਣਾ

543. **ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਫਰੀਦਕੋਟ ਵਿਖੇ ਭਾਈ ਘਨੱਈਆ ਚੌਂਕ ਕੋਲ 30 ਫੁੱਟ ਨਾਲੇ ਉਪਰ ਪਿਛਲੇ 20 ਸਾਲਾਂ ਦੇ ਸਮੇਂ ਵਿੱਚ ਹਰ ਸਾਲ ਨਗਰ ਕੌਂਸਲ ਵੱਲੋਂ ਸਲੈਬਾਂ ਪਾ ਕੇ ਲੱਖਾਂ ਰੁਪਏ ਖਰਚ ਕੀਤੇ ਜਾਂਦੇ ਹਨ ਪਰੰਤੂ ਬਾਵਜੂਦ ਇਸਦੇ ਇਸ ਦੀ ਹਾਲਤ ਬਹੁਤ ਖਸਤਾ ਹੈ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਸ ਨਾਲੇ ਉਪਰ ਪਾਈਆਂ ਗਈਆਂ ਸਲੈਬਾਂ ਮਾਪ ਦੰਡ ਅਨੁਸਾਰ ਨਹੀ ਸਨ, ਇਸਦੇ ਸਬੰਧਤ ਤਕਨੀਕੀ ਸਟਾਫ ਅਤੇ ਠੇਕੇਦਾਰ ਖਿਲਾਫ ਕਾਰਵਾਈ ਕਿਉਂ ਨਹੀ ਕੀਤੀ ਗਈ;

ੲ) ਪੰਜਾਬ ਸਰਕਾਰ ਇਸ 30 ਫੁੱਟ ਲੰਬੇ ਨਾਲੇ ਦੀ ਸਹੀ ਮੁਰੰਮਤ ਕਦੋਂ ਤੱਕ ਕਰਵਾ ਦੇਵੇਗੀ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ?

### ਬੁੱਢਲਾਡਾ ਦੇ ਲਾਭਪਾਤਰੀਆਂ ਨੂੰ ਸ਼ਗਨ ਸਕੀਮ ਤਹਿਤ ਰਾਸ਼ੀ ਦੇਣਾ

569. **ਸ੍ਰੀ ਬੁਧ ਰਾਮ,ਐਮ.ਐਲ.ਏ.:-** ਕੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁੱਢਲਾਡਾ ਵਿਖੇ ਸਰਕਾਰ ਦੁਆਰਾ ਸ਼ਗਨ ਸਕੀਮ ਤਹਿਤ ਦਿੱਤੀ ਜਾਂਦੀ ਰਾਸ਼ੀ ਪਿਛਲੇ ਇੱਕ ਸਾਲ ਤੋਂ ਨਹੀਂ ਦਿੱਤੀ ਗਈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ ਸਾਰੇ ਲਾਭਪਾਤਰੀਆਂ ਨੂੰ (Up to Date) ਇਹ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ?

**ਪਰਤੋਂ ਜੀ.....**

**ਬੁੱਢਲਾਡਾ ਦੇ ਕਸਬੇ ਬੋਹਾ ਵਿਖੇ ਸੀਵਰੇਜ਼ ਅਤੇ ਪਾਣੀ ਦੀ ਸਹੂਲਤ ਮੁੱਹਈਆ ਕਰਵਾਉਣਾ**

570. **ਸ਼੍ਰੀ ਬੁਧ ਰਾਮ,ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ ਡਵੀਜਨ ਬੁੱਢਲਾਡਾ ਦੇ ਕਸਬੇ ਬੋਹਾ ਵਿੱਚ "ਮਾਖੋਵਾਲ ਟਿੱਬਾ" ਇਕ ਬਸਤੀ ਹੈ ਜਿਥੇ ਨਾ ਹੀ ਸੀਵਰੇਜ਼ ਅਤੇ ਨਾ ਹੀ ਪੀਣ ਵਾਲੇ ਪਾਣੀ ਦੀ ਪਾਇਪ ਪਾਈ ਹੈ; ਜੇਕਰ ਅਜਿਹਾ ਹੈ ਤਾਂ ਵਿਭਾਗ ਇਸ ਬਸਤੀ "ਮਾਥੋਵਾਲ ਟਿੱਬਾ" ਵਿੱਚ ਸੀਵਰੇਜ਼ ਅਤੇ ਪਾਣੀ ਦੀ ਸਹੂਲਤ ਕਿੰਨੇ ਚਿਰ ਵਿੱਚ ਮੁੱਹਈਆ ਕਰਵਾ ਦਿੱਤੀ ਜਾਵੇਗੀ?

**ਬੋਹਾ ਰਜਬਾਹੇ ਨੂੰ ਪੱਕਾ ਕਰਨਾ**

571. **ਸ਼੍ਰੀ ਬੁੱਧ ਰਾਮ,ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ ਡਵੀਜਨ ਬੁਢਲਾਡਾ ਵਿੱਚ ਬੋਹਾ ਰਜਬਾਹੇ ਵਿੱਚ ਜਿੰਨੀ ਕੈਪਸਿਟੀ ਨਾਲ ਪਾਣੀ ਆਉਣਾ ਚਾਹੀਦਾ ਹੈ ਉਹਨਾਂ ਛੱਡਿਆ ਨਹੀਂ ਜਾਂਦਾ, ਇਸ ਕਰਕੇ ਟੇਲਾ ਵਾਲੇ ਪਿੰਡਾਂ ਹਾਕਮਵਾਲਾ, ਭੀਸੜਾ, ਚਰੋਹਰ, ਦਲੇਲਵਾਲਾ, ਅੱਕਾਂਵਾਲੀ, ਜੋਇਆ ਟਾਹਲੀਆਂ, ਮੰਢਾਲੀ ਨੂੰ ਸਿੰਚਾਈ ਲਈ ਪਾਣੀ ਨਹੀਂ ਮਿਲਦਾ ਅਤੇ ਨਾਂ ਹੀ ਵਾਟਰ ਵਰਕਸਾਂ ਨੂੰ ਪੀਣ ਵਾਲਾ ਪਾਣੀ ਮੁਹੱਇਆ ਹੁੰਦਾ ਹੈ: ਜੇਕਰ ਅਜਿਹਾ ਹੈ ਤਾਂ ਸਰਕਾਰ ਬੋਰਾ ਰਜਬਾਹੇ ਨੂੰ ਪੱਕਾ ਕਦੋਂ ਤੱਕ ਕਰਨ ਦਾ ਵਿਚਾਰ ਰੱਖਦੀ ਹੈ?

**ਵੇਸਟ ਪਾਣੀ ਪਾਉਣ ਲਈ ਨਵੀਂ ਰਾਈਜ਼ਿੰਗ ਮੇਨ ਪਾਉਣਾ**

572. **ਸ਼੍ਰੀ ਬੁੱਧ ਰਾਮ,ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ:-

ੳ) ਕੀ ਬੁਢਲਾਡਾ ਵਿੱਖੇ ਸੀਵਰੇਜ਼ ਦੇ "ਟਰੀਟਮੈਂਟ ਪਲਾਂਟ" ਤੋਂ ਅਹਿਮਦਪੁਰ ਡਰੇਨ ਤੱਕ ਵੇਸਟ ਪਾਣੀ ਜਾਣ ਲਈ "ਰਾਈਜਿੰਗ ਮੇਨ" ਪਾਈ ਹੋਈ ਹੈ;

ਅ) ਕੀ ਇਹ ਪਾਇਪ ਕਈ ਥਾਂ ਤੋਂ ਟੁੱਟੀ ਹੋਣ ਕਾਰਨ ਜਿੰਨ੍ਹੀ ਕੈਪਸਿਟੀ ਦਾ ਵੇਸਟ ਪਾਣੀ ਡਰੇਨ ਵਿੱਚ ਪੈਣ ਲਈ ਪਾਈ ਸੀ, ਉਹ ਉਨ੍ਹਾਂ ਕੰਮ ਕਰ ਰਹੀ ਹੈ; ਜੇਕਰ ਨਹੀਂ ਤਾਂ ਕੀ ਇਹ ਰਾਈਜ਼ਿੰਗ ਮੇਨ ਨਵੀਂ ਪਾਉਣ ਲਈ ਸਰਕਾਰ ਕੋਈ ਵਿਚਾਰ ਕਰ ਰਹੀ ਹੈ?

**ਬਹੁਤਕਨੀਕੀ ਕਾਲਜਾਂ ਵਿੱਚ ਲੈਕਚਰਾਰਾਂ ਦੀਆਂ ਅਸਾਮੀਆਂ**

585. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਬਹੁਤਕਨੀਕੀ ਕਾਲਜਾਂ ਵਿੱਚ ਕਾਲਜ ਵਾਰ, ਹਰ ਵਿਭਾਗ ਵਿਚ ਮੁੱਖੀ ਵਿਭਾਗ, ਸੀਨੀਅਰ ਲੈਕਚਰਾਰ ਅਤੇ ਲੈਕਚਰਾਰ ਦੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ, ਇਨ੍ਹਾਂ ਵਿੱਚੋਂ ਕਿੰਨੀਆਂ ਭਰੀਆਂ ਅਤੇ ਕਿੰਨੀਆਂ ਖਾਲੀ ਹਨ; ਸਿੱਧੀ ਭਰਤੀ ਦੀਆਂ ਅਸਾਮੀਆਂ ਕਿੰਨੇ ਸਮੇਂ ਤੋਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਅਸਾਮੀਆਂ ਦੇ ਵਿਰੁੱਧ ਕਦੋਂ ਤੱਕ ਨਿਯੁਕਤੀਆਂ ਕਰ ਦਿੱਤੀਆਂ ਜਾਣਗੀਆਂ?

**ਡਿਪਲੋਮਾ ਕੋਰਸਾਂ ਸਬੰਧੀ ਲੈਬਾਂ ਦੀ ਸੁਵਿਧਾ**

586. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਉਹ ਕਿਹੜੇ ਡਿਪਲੋਮਾ ਕੋਰਸਿਜ਼, ਕਿਸ-ਕਿਸ ਕਾਲਜ ਵਿੱਚ ਹਨ, ਜੋ ਚੱਲ ਤਾਂ ਰਹੇ ਹਨ ਪਰ ਉਨ੍ਹਾਂ ਦੀਆਂ ਲੈਬਾਂ ਹਾਲੇ ਤੱਕ ਸਬੰਧਤ ਕਾਲਜਾਂ ਵਿੱਖੇ ਮੌਜੂਦ ਨਹੀਂ ਹਨ ਅਤੇ ਇਹ ਕਦੋਂ ਤੱਕ ਬਣਾ ਦਿੱਤੀਆਂ ਜਾਣਗੀਆਂ;

ਅ) ਕੀ ਸਰਕਾਰੀ ਬਹੁਤਕਨੀਕੀ ਕਾਲਜਾਂ ਦੀਆਂ ਵਰਕਸ਼ਾਪਾਂ ਵਿੱਚ ਕਰੋੜਾਂ ਰੁਪਏ ਦੀਆਂ ਮਸ਼ੀਨਾਂ ਰਿਪੇਅਰ ਖੁਣੋਂ ਅਚੱਲ ਪਈਆਂ ਹਨ;ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੀ ਰਿਪੇਅਰ ਕਿੰਨੇ ਸਮੇਂ ਅੰਦਰ ਕਰਵਾ ਦਿੱਤੀ ਜਾਵੇਗੀ?

**ਪ੍ਰਾਈਵੇਟ ਬਹੁਤਕਨੀਕੀ ਕਾਲਜ ਖੋਲ੍ਹਣ ਦੀ ਇਜਾਜਤ ਦੇਣਾ**

587. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਪਹਿਲੀ ਵਾਰ ਪ੍ਰਾਈਵੇਟ ਬਹੁਤਕਨੀਕੀ ਕਾਲਜ ਖੋਲ੍ਹਣ ਦੀ ਇਜਾਜ਼ਤ ਕਦੋਂ ਤੋਂ ਦਿੱਤੀ ਗਈ ਸੀ?

**ਡਿਪਲੋਮਾ ਕੋਰਸ ਦੇ ਸਿਲੇਬਸ ਦੀਆਂ ਮਸ਼ੀਨਾਂ**

588. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਆਖਰੀ ਵਾਰ ਡਿਪਲੋਮਾ ਕੋਰਸਿਜ਼ ਦਾ ਸਿਲੇਬਸ ਕਦੋਂ ਰਿਵਾਈਜ਼ ਕੀਤਾ ਗਿਆ ਅਤੇ ਸਿਲੇਬਸ ਰਿਵਾਈਜ਼ ਕਰਨ ਤੋਂ ਬਾਅਦ ਵਰਕਸ਼ਾਪ ਦੀਆਂ ਕਿਹੜੀਆਂ-ਕਿਹੜੀਆਂ ਮਸ਼ੀਨਾ ਹਨ, ਜੋ ਸਿਲੇਬਸ ਵਿੱਚ ਸਨ, ਪਰ ਹੁਣ ਉਹ ਸਿਲੇਬਸ ਵਿੱਚੋਂ ਕੱਟ ਦਿੱਤੀਆਂ ਗਈਆਂ ਹਨ; ਉਨ੍ਹਾਂ ਮਸ਼ੀਨਾਂ ਦੀ ਔਸਤਨ ਕੀਮਤ (ਹਰ ਮਸ਼ੀਨ ਦੀ ਔਸਤਨ ਕੀਮਤ) ਕਿੰਨੀ ਕਿੰਨੀ ਹੈ ਅਤੇ ਕੀ ਇਹ ਮਸ਼ੀਨਾਂ ਪ੍ਰਾਈਵੇਟ ਕਾਲਜਾਂ ਕੋਲ ਮੌਜੂਦ ਹਨ?

ਚੰਡੀਗੜ੍ਹ
ਮਿਤੀ 04 ਮਾਰਚ, 2021

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।